(i) Printed Pages : 3 Roll No. ..............................

(ii) Questions : 7 **Sub. Code : 1 7 5 0 2**

**Exam. Code : 0 0 0 6**

**B.A./B.Sc. (General) 6th Semester**

**(2056)**

**PUNJABI (Compulsory)**

**Paper : (For B.A. Candidates & Shastri VI Semester)**

**Time Allowed : Three Hours] [Maximum Marks : 45**

**ਨੋਟ :–** (1) ਲਿਖਾਈ ਸੁੰਦਰ ਅਤੇ ਸਪੱਸ਼ਟ ਹੋਣੀ ਚਾਹੀਦੀ ਹੈ।

(2) ਸਾਰੇ ਪ੍ਰਸ਼ਨਾਂ ਦੇ ਉੱਤਰ ਕ੍ਰਮਵਾਰ ਹੱਲ ਕੀਤੇ ਜਾਣ।

1. 'ਅਨੂਪ ਕੌਰ' ਨਾਵਲ ਵਿੱਚ ਨਾਵਲਕਾਰ ਨੇ ਕਿਸ ਵਿਸ਼ੇ ਨੂੰ ਪੇਸ਼ ਕੀਤਾ ਹੈ? ਵਿਚਾਰ ਕਰੋ। 10

**ਜਾਂ**

ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਦੋ ਦਾ ਪਾਤਰ ਚਿਤਰਨ ਕਰੋ:

ਔਰੰਗਜ਼ੇਬ, ਰਾਜਾ ਭੀਮ ਸੇਨ, ਨਵਾਬ ਵਜ਼ੀਰ ਖਾਨ।

2. ਕਿਸੇ **ਇੱਕ** ਵਾਰਤਾਲਾਪ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

(ੳ) "ਹਾਂ ਵਚਨ ਤੇ ਮੈਂ ਦਿੱਤਾ ਏ ਪਰ ਇਹ ਹੋ ਨਹੀਂ ਸਕਦਾ, ਕੁਦਰਤ ਦੇ ਕੰਮ ਵਿੱਚ ਕੌਣ ਰੋੜਾ ਅਟਕਾ ਸਕਦਾ ਏ"

(ਅ) "ਬੱਚਾ! ਕਿਲ੍ਹਾ ਖਾਲੀ ਕਰਦੇ। ਦਾਤੇ ਦਾ ਭਾਣਾ ਮੰਨ। ਜੋ ਕੁਝ ਲਿਖਿਆ ਏ ਉਹ ਹੋ ਕੇ ਰਹਿਣਾ ਏ। ਕੁਝ ਬਦਲਣਾ ਨਹੀਂ। ਰੱਤੀ ਵਧੇ ਨਾ ਰਾਈ ਘਟੇ, ਜੋ ਲਿਖਿਆ ਕਰਤਾਰ।" 5



Scanned with OKEN Scanner

3. ਕਿਸੇ **ਪੰਜ** ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ।

(ੳ) 'ਅਨੂਪ ਕੌਰ' ਨਾਵਲ ਦਾ ਨਾਇਕ ਕੌਣ ਹੈ?

(ਅ) ਕਿਸਦੀ ਜਗੀਰ ਸਭ ਤੋਂ ਛੋਟੀ ਸੀ ਤੇ ਨਾਂ ਵੱਡਾ ਸੀ?

(ੲ) ਗੁਰਮੁਖ ਸਿੰਘ ਕੌਣ ਸੀ?

(ਸ) ਅਨੰਦਪੁਰ ਸਾਹਿਬ ਵਿੱਚ ਦੀਵਾਨ ਕਦੋਂ ਸਜਦਾ ਸੀ?

(ਹ) ਡੋਲੇ ਵਿੱਚ ਅਨੂਪ ਕੌਰ ਦੀ ਥਾਂ ਕੌਣ ਸੀ ਤੇ ਉਸਨੇ ਕੀ ਕੀਤਾ?

(ਕ) ਚਮਕੌਰ ਦੀ ਗੜ੍ਹੀ ਵਿੱਚ ਕਿੰਨੇ ਸਿੰਘ ਸਨ ਤੇ ਉੱਥੇ ਪੰਜ ਪਿਆਰਿਆਂ ਵਿੱਚੋਂ ਕਿਹੜੇ ਪਿਆਰੇ ਨੇ ਸ਼ਹੀਦੀ ਪ੍ਰਾਪਤ ਕੀਤੀ?

(ਖ) ਚਮਕੌਰ ਦੀ ਗੜ੍ਹੀ ਵਿੱਚ ਗੁਰੂ ਜੀ ਨੇ ਆਪਣੇ ਤੋਂ ਪਿੱਛੋਂ ਪੰਥ ਦੀ ਨੁਮਾਇੰਦਗੀ ਬਾਰੇ ਕੀ ਕਿਹਾ?

(ਗ) ਨਬੀ ਖਾਂ ਤੇ ਗਨੀ ਖਾਂ ਕੌਣ ਸਨ? $5 \times 1 = 5$

4. ਤੁਹਾਡੇ ਕਾਲਜ ਵਿੱਚ ਹੋਏ ਸਾਲਾਨਾ ਖੇਡ ਮੇਲੇ ਸੰਬੰਧੀ ਪ੍ਰੈਸ ਨੋਟ ਲਿਖੋ। 8

5. ਗੁਰਮੁਖੀ ਲਿਪੀ ਦੇ ਪਿਛੋਕੜ ਬਾਰੇ ਤੁਸੀਂ ਕੀ ਜਾਣਦੇ ਹੋ?

**ਜਾਂ**

ਗੁਰਮੁਖੀ ਕਿਵੇਂ ਚੰਗੀ ਤੇ ਆਦਰਸ਼ ਲਿਪੀ ਹੈ? ਵਿਸਥਾਰ ਨਾਲ ਦੱਸੋ।

**ਜਾਂ**

ਗੁਰਮੁਖੀ ਲਿਖਤ-ਵਿਧੀ ਨਾਲ ਸੰਖੇਪ ਜਾਣ-ਪਛਾਣ ਕਰਾਉ। 7

6. ਵਾਕ ਕੀ ਹੁੰਦਾ ਹੈ? ਬਣਤਰ ਦੇ ਆਧਾਰ ਤੇ ਵਾਕ ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਉ।

**ਜਾਂ**

ਉਪਵਾਕ ਕੀ ਹੁੰਦਾ ਹੈ? ਕਾਰਜ ਦੇ ਆਧਾਰ ਤੇ ਇਸ ਦੀਆਂ ਕਿਸਮਾਂ ਦੱਸੋ। 6



Scanned with OKEN Scanner

7. ਕਿਸੇ **ਦੋ** ਪ੍ਰਸ਼ਨਾਂ ਦੇ ਉੱਤਰ ਦਿਉ:

(ੳ) ਯੋਜਕ ਕੀ ਹੁੰਦਾ ਹੈ?

(ਅ) ਵਰਨਮਾਲਾ ਕੀ ਹੁੰਦੀ ਹੈ?

(ੲ) ਪ੍ਰਸ਼ਨਿਕ ਵਾਕ ਕੀ ਹੁੰਦਾ ਹੈ? ਉਦਾਹਰਣ ਵੀ ਦਿਉ।

(ਸ) ਇੱਕ ਵਿਸਮਿਕ ਵਾਕ ਲਿਖੋ। 2+2=4



Scanned with OKEN Scanner